# ਘੋੜ ਦੌੜ ਜਾਰੀ ਹੈ
## ਦਾ
## ਕਥਾ-ਬੋਧ

ਸੰਪਾਦਕ

**ਗੁਰਪ੍ਰੀਤ ਸਿੰਘ**



***Ghorh Daurh Jaari Hai***
***Da Katha-Bodh***
***(Criticsm) by***

**Gurpreet Singh ©**
Vill. Sangrana,
Distt. Shri Muktsar Sahib
Mob. 096466-00666

**ISBN : 978-93-82851-80-6**

**Rs. 200 /-**

**2013**

*Printing and Bound In India*

*Published by:*
**Chetna Parkashan**
PUNJABI BHAWAN, LUDHIANA (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

# ਤਤਕਰਾ


ਧੰਨਵਾਦ — *-ਗੁਰਪ੍ਰੀਤ ਸਿੰਘ* — 9

ਇਸ ਪੁਸਤਕ ਬਾਰੇ — *-ਗੁਰਪ੍ਰੀਤ ਸਿੰਘ* — 10

ਰਾਜਨੀਤਕ ਖ਼ਾਹਿਸ਼ ਤੇ ਤਨਾਓ ਦਾ ਪ੍ਰਵਚਨ: ਘੋੜ ਦੌੜ ਜਾਰੀ ਹੈ — 15
*-ਪਰਮਜੀਤ ਸਿੰਘ ਢੀਂਗਰਾ (ਡਾ.)*

ਖ਼ਾਹਸ਼ਾਂ ਤੇ ਸੁਪਨਿਆਂ ਦੇ ਦਵੰਦ ਦਾ ਬਿਰਤਾਂਤ: ਝਿੰਜਣ — 20
*-ਪਰਮਜੀਤ ਸਿੰਘ ਢੀਂਗਰਾ (ਡਾ.)*

‘ਘੋੜ ਦੌੜ ਜਾਰੀ ਹੈ’ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੇ ਮਾਨਵੀ ਸਰੋਕਾਰ — 26
*-ਜੀਤ ਸਿੰਘ ਜੋਸ਼ੀ (ਡਾ.)*

ਗੁਰਸੇਵਕ ਸਿੰਘ ‘ਪ੍ਰੀਤ’ ਦਾ ਕਹਾਣੀ ਸੰਗ੍ਰਹਿ ‘ਘੋੜ ਦੌੜ ਜਾਰੀ ਹੈ’: ਇਕ ਪੜ੍ਹਤ — 32
*-ਲੋਕਨਾਥ (ਪ੍ਰੋ.)*

ਸਮਕਾਲੀ ਸਮਾਜਿਕ ਯਥਾਰਥ ਦੀ ਪੇਸ਼ਕਾਰੀ: ਘੋੜ ਦੌੜ ਜਾਰੀ ਹੈ — 35
*-ਰਵਿੰਦਰ ਸਿੰਘ ਸੰਧੂ (ਡਾ.)*

ਵਸਤੂ ਜਗਤ ਦੇ ਬਹੁਭਾਂਤੀ ਸੱਚ ਦੀ ਸਿਰਜਣਾ: ‘ਘੋੜ ਦੌੜ ਜਾਰੀ ਹੈ’ — 46
*-ਜੇ.ਬੀ. ਸੇਖੋਂ (ਪ੍ਰੋ.)*

ਅਗਨ ਕਥਾ ਜਾਰੀ ਹੈ: ਨਾਰੀਵਾਦੀ ਦ੍ਰਿਸ਼ਟੀ ਇਕ ਅਧਿਐਨ — 57
*-ਜਸਪਾਲਜੀਤ (ਡਾ.)*

ਗੁਰਸੇਵਕ ਪ੍ਰੀਤ ਦੀ ਕਹਾਣੀ ‘ਪੁਸ਼ੀਆ ਹਾਜ਼ਰ ਹੋਅ’ ਦਾ ਅਧਿਐਨ — 63
*-ਸੁਖਰਾਜ ਧਾਲੀਵਾਲ (ਡਾ.)*

ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਦਾ ਬਿਰਤਾਂਤਕ ਪ੍ਰਵਚਨ: ਟੁੱਟੀ ਮਾਲਾ ਦੇ ਮਣਕੇ — 68
*-ਹਰਜਿੰਦਰ ਸਿੰਘ ਰਾਮਨਗਰ*

ਵਕਤ ਨੂੰ ਵਖਤ ਵਿਚ ਪਾਉਣ ਵਾਲਾ ਬਿਰਤਾਂਤ: ਜੀਣ ਜੋਗਾ 79

*-ਪਰਮਪਾਲ ਸਿੰਘ ਬਾਦਲ*

'ਅਗਨ ਕਥਾ ਜਾਰੀ ਹੈ': ਔਰਤ ਦੀ ਹੋਣੀ ਦਾ ਬਿਰਤਾਂਤਕ ਪ੍ਰਵਚਨ 86

*-ਪਰਮਿੰਦਰ ਸਿੰਘ*

ਨਿਘਾਰ ਵੱਲ ਜਾ ਰਹੀ ਪੰਜਾਬੀ ਸੰਸਕ੍ਰਿਤੀ ਦੀ ਕਹਾਣੀ: ਘੋੜ ਦੌੜ ਜਾਰੀ ਹੈ 94

*-ਰਵਿੰਦਰ ਸਿੰਘ*

ਔਰਤ ਦੀਆਂ ਬਦਲਦੀਆਂ ਸਮਾਜਿਕ ਤੇ ਮਾਨਸਿਕ ਸਥਿਤੀਆਂ
ਦਾ ਬਿਰਤਾਂਤ: ਘੋੜ ਦੌਰ ਜਾਰੀ ਹੈ *-ਗਗਨਦੀਪ ਕੌਰ* 103

ਬਹੁਪਰਤੀ ਸਮਾਜ ਵਿਚ ਉਲਝੇ ਮਾਨਵ ਦਾ ਕਹਾਣੀਕਾਰ 'ਗੁਰਸੇਵਕ ਸਿੰਘ ਪ੍ਰੀਤ' 113

*-ਗੁਰਪ੍ਰੀਤ ਸਿੰਘ*

Narration of Unbalanced Society in story book
'Ghorh Daurh Jaari Hai' ***-Harleen Kaur*** 124

ਸਮਕਾਲੀ ਰਾਜਨੀਤਕ ਅਨੈਤਿਕਤਾ ਦੀ ਪੇਸ਼ਕਾਰੀ ਘੋੜ ਦੌੜ ਜਾਰੀ ਹੈ 131

*-ਗੁਰਬਿੰਦਰ ਕੌਰ ਬਰਾੜ*

ਗੁਰਸੇਵਕ ਪ੍ਰੀਤ ਰਚਿਤ ਕਹਾਣੀ 'ਸ਼ਿਜਣ' ਦਾ ਵਿਸ਼ੇਗਤ ਅਧਿਐਨ 137

*-ਸੁਖਜਿੰਦਰ ਕੌਰ*

ਘੋੜ ਦੌੜ ਜਾਰੀ ਹੈ: ਇਕ ਪਾਠਕੀ ਪੜ੍ਹਤ *-ਜਸਪਾਲਜੋਤ (ਡਾ.)* 142

ਸਿਆਸੀ ਤਿਕੜਮ-ਬਾਜ਼ੀਆਂ ਦੀ ਬਿਰਤਾਂਤਕਾਰੀ : ਘੋੜ ਦੌੜ ਜਾਰੀ ਹੈ 149

*-ਹਰਜਿੰਦਰ ਸਿੰਘ ਰਾਮਨਗਰ*

# ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਦਾ ਬਿਰਤਾਂਤਕ ਪ੍ਰਵਚਨ: ਟੁੱਟੀ ਮਾਲਾ ਦੇ ਮਣਕੇ

-ਹਰਜਿੰਦਰ ਸਿੰਘ ਰਾਮਨਗਰ

'ਟੁੱਟੀ ਮਾਲਾ ਦੇ ਮਣਕੇ' ਗੁਰਸੇਵਕ ਸਿੰਘ ਪ੍ਰੀਤ ਦੀ ਬਹੁ-ਚਰਚਿਤ ਕਹਾਣੀ ਹੈ। ਇਹ ਕਹਾਣੀ ਹਿੰਦੀ ਭਾਸ਼ਾ ਵਿਚ ਵੀ ਅਨੁਵਾਦ ਹੋ ਚੁੱਕੀ ਹੈ। ਇਹ ਮਾਨਵੀ ਰਿਸ਼ਤਿਆਂ ਵਿਚ ਵਾਪਰਦੇ ਖਿੰਡਰਾਵ-ਬਿਖਰਾਵ ਨੂੰ ਮਨੋਵਿਗਿਆਨਕ ਜ਼ਾਵੀਏ ਤੋਂ ਪ੍ਰਸਤੁਤ ਕਰਦੀ ਹੈ। ਸਮਕਾਲੀ ਪੰਜਾਬੀ ਕਹਾਣੀ ਜਗਤ ਵਿਚ ਗੁਰਸੇਵਕ ਸਿੰਘ ਪ੍ਰੀਤ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਘੋੜ ਦੌੜ ਜਾਰੀ ਹੈ' (2011) ਨਾਲ ਜ਼ਬਰਦਸਤ ਹਾਜ਼ਰੀ ਲਵਾਉਂਦਾ ਹੈ। ਇਸ ਪੁਸਤਕ ਵਿਚ ਸ਼ਾਮਿਲ ਸਮੁੱਚੀਆਂ ਕਹਾਣੀਆਂ ਅਜ਼ੋਕੇ ਪੰਜਾਬੀ ਬੰਦੇ ਦੇ ਜੀਵਨ ਯਥਾਰਥ ਨਾਲ ਜੁੜੇ ਵਿਭਿੰਨ ਮਸਲਿਆਂ, ਸੰਕਟਾਂ, ਅਕਾਂਖਿਆਵਾਂ, ਮਾਨਸਿਕ ਗੁੰਝਲਾਂ ਆਦਿ ਨੂੰ ਆਪਣਾ ਕਥਾ ਵਸਤੂ ਬਣਾਉਂਦੀਆਂ ਹਨ। ਇਹ ਕਹਾਣੀਆਂ ਸਮਕਾਲੀ ਪੰਜਾਬੀ ਬੰਦੇ ਨੂੰ ਦਰਪੇਸ਼ ਸੰਕਟਾਂ ਦੇ ਵਿਕਰਾਲ ਰੂਪ ਨੂੰ ਪਾਠਕਾਂ ਦੇ ਸਨਮੁਖ ਹੀ ਨਹੀਂ ਕਰਦੀਆਂ ਸਗੋਂ ਇਨ੍ਹਾਂ ਨੂੰ ਸਿਰਜਨ ਵਾਲੀਆਂ ਧਿਰਾਂ ਦੀ ਨਿਸ਼ਾਨਦੇਹੀ ਵੀ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੀਆਂ ਕਲਾਤਮਿਕ ਬਿਰਤਾਂਤਕ ਜੁਗਤਾਂ, ਸ਼ੈਲੀ ਦੀ ਨਵੀਨਤਾ, ਭਾਸ਼ਾ ਦੀ ਨਾਟਕੀਅਤਾ, ਕਹਾਣੀ ਅੰਦਰੇ ਉਪ-ਬਿਰਤਾਂਤਾਂ ਦੀ ਰੌਚਿਕਤਾ, ਲਕੋਣ-ਛਪਾਉਣ ਦੀ ਵਿਧੀ ਅਤੇ ਕਹੇ ਨਾਲੋਂ ਅਣਕਹੇ ਦੀ ਸਾਰਥਿਕਤਾ ਇਨ੍ਹਾਂ ਨੂੰ ਪੰਜਾਬੀ ਕਹਾਣੀ ਦੀ ਇਤਿਹਾਸਕ-ਵਿਕਾਸ ਰੇਖਾ ਵਿਚ ਵੱਖਰੀ ਪਛਾਣ ਦਿੰਦੀਆਂ ਹਨ।

ਗੁਰਸੇਵਕ ਪ੍ਰੀਤ ਦੀਆਂ ਕਹਾਣੀਆਂ ਦੀ ਖ਼ੂਬਸੂਰਤੀ ਇਸ ਵਿਚ ਹੈ ਕਿ ਉਸ ਦੀ ਹਰ ਕਹਾਣੀ ਆਪਣੀ ਵੱਖਰੀ ਬਿਰਤਾਂਤਕ ਵਿਧੀ ਰਾਹੀਂ ਉਸਰਦੀ ਹੈ। ਇਸੇ ਕਾਰਨ ਉਸ ਦੀਆਂ ਕਹਾਣੀਆਂ ਦੀ ਬਣਤਰ ਤੇ ਬੁਣਤਰ ਦੀ ਪੁਖ਼ਤਗੀ ਪੰਜਾਬੀ ਕਹਾਣੀ ਦੇ ਅਗਲੇ ਪੜਾਅ ਦੀ ਸ਼ੁਰੂਆਤ ਕਰਦੀ ਨਜ਼ਰ ਆਉਂਦੀ ਹੈ। ਸਮਕਾਲੀ ਪੰਜਾਬੀ ਕਹਾਣੀ ਨੇ ਆਪਣੇ ਬਹੁ-ਭਿੰਨ ਬਿਰਤਾਂਤਾਂ ਦੀਆਂ ਕਲਾਤਮਕ ਜੁਗਤਾਂ ਸਦਕਾ ਰੋਜ਼ਮਰ੍ਹਾ ਦੀ ਜ਼ਿੰਦਗੀ ਨਾਲ ਅਤਿ ਨੇੜਤਾ ਦਾ ਰਿਸ਼ਤਾ ਸਥਾਪਤ ਕਰ

ਲਿਆ ਹੈ। ਜਟਿਲਮਈ ਬਿਰਤਾਂਤਕ ਪ੍ਰਵਚਨਾਂ ਵਿਚ ਗੁੰਦੀ ਇਹ ਕਹਾਣੀ ਸਮਕਾਲੀ ਪੰਜਾਬੀ ਬੰਦੇ ਅਤੇ ਉਸ ਦੀ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ, ਸਮਾਜਿਕ-ਸਭਿਆਚਾਰਕ ਸੰਕਟਾਂ, ਝੋਰਿਆਂ, ਫ਼ਿਕਰਾਂ, ਵਿਗੋਚਿਆਂ ਅਤੇ ਜੈਵਿਕ ਪਛਾਣਾਂ ਦੇ ਬਹੁ-ਪਰਤੀ ਯਥਾਰਥ ਨੂੰ ਆਪਣੇ ਕਲੇਵਰ ਵਿਚ ਲੈ ਕੇ ਵਿਕਾਸ ਕਰਦੀ ਹੈ।[1] ਇਸ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਵਿਕਾਸ ਦੀ ਤੋਰ ਨੂੰ ਪ੍ਰੀਤ ਦੀਆਂ ਕਹਾਣੀਆਂ ਦੇ ਬਿਰਤਾਂਤਕ ਪ੍ਰਵਚਨਾਂ ਵਿਚੋਂ ਪਛਾਣਿਆ ਜਾ ਸਕਦਾ ਹੈ। ਇਹ ਕਹਾਣੀਆਂ ਅਜੋਕੇ ਬੰਦੇ ਦੇ ਜੀਵਨ ਯਥਾਰਥ ਨਾਲ ਜੁੜੇ ਸਮਾਜਿਕ, ਆਰਥਿਕ, ਮਾਨਸਿਕ ਤੇ ਸਭਿਆਚਾਰਕ ਝੋਰਿਆਂ ਨੂੰ ਆਪਣੇ ਕੇਂਦਰ ਵਿਚ ਰੱਖ ਕੇ ਜਟਿਲ ਤੋਂ ਜਟਿਲਤਰ ਹੁੰਦੇ ਬਿਰਤਾਂਤਕ ਪ੍ਰਵਚਨ ਸਿਰਜਦੀਆਂ ਹਨ। ਜਿਥੋਂ ਤਕ ਅਜੋਕੇ ਪੰਜਾਬੀ ਬੰਦੇ ਦੇ ਜੀਵਨ ਯਥਾਰਥ ਦਾ ਸਰੋਕਾਰ ਹੈ ਇਹ ਬੜਾ ਜਟਿਲ ਵਰਤਾਰਾ ਹੈ। ਸਮਕਾਲੀ ਬੰਦੇ ਦੇ ਜੀਵਨ ਯਥਾਰਥ ਦੀ ਕਠੋਰਤਾ, ਕਰੂਰਤਾ ਤੇ ਬਹੁ-ਪਰਤੀ ਜਟਿਲਤਾ ਇਸ ਦੌਰ ਦੀ ਬਿਰਤਾਂਤਕਾਰੀ ਲਈ ਇਕ ਵੰਗਾਰ ਹੈ। ਸਮਾਜਕ ਯਥਾਰਥ ਦੀ ਜਟਿਲ ਪ੍ਰਕਿਰਿਆ ਨੂੰ ਸਮਝਣ ਲਈ ਉਸ ਦੇ ਸਾਰੇ ਦਿਸਦੇ-ਅਣਦਿਸਦੇ ਇਤਿਹਾਸਕ, ਆਰਥਕ, ਸਭਿਆਚਾਰਕ ਤੇ ਮਾਨਸਿਕ ਪ੍ਰਸੰਗਾਂ ਦੀ ਸਮੱਗਰ ਸਮਝ ਜ਼ਰੂਰੀ ਹੈ। ਅੱਜ ਦਾ ਬੰਦਾ ਜਿਸ ਘੁੰਮਣਘੇਰੀ ਵਿਚ ਫਸਿਆ ਹੋਇਆ ਹੈ, ਉਥੇ ਹੀ ਉਸ ਦੀ ਹੋਣੀ ਨੂੰ ਨਿਸ਼ਚਿਤ ਕਰਨ ਵਿਚ ਇਹ ਸਾਰੇ ਵਰਤਾਰੇ ਉਸ ਦੀ ਸਾਰੀ ਸੁਹਿਰਦਤਾ, ਸ਼ਾਮੂਲੀਅਤ ਤੇ ਬੇਨਿਆਜ਼ੀ ਦੇ ਬਾਵਜੂਦ ਦਖ਼ਲਅੰਦਾਜ਼ ਹਨ। ਸਾਡੀ ਆਪਣੀ ਜੀਵਨ ਜਾਚ ਵਿਚੋਂ ਸੰਯੁਕਤ ਪਰਿਵਾਰਕ ਸਿਸਟਮ ਦਾ ਟੁੱਟਣਾ, ਵਿਭਿੰਨ ਰਿਸ਼ਤਿਆਂ ਦੇ ਤਵਾਜਨ ਵਿਚ ਬਦਲਾਵ ਆਉਣਾ, ਜਾਤੀ-ਜਮਾਤੀ ਹਉਂ ਵਿਚ ਧਮਾਕੇ ਖੇਜ ਬਿਖਰਾਉ ਆਉਣਾ ਕੁਝ ਅਜਿਹੀਆਂ ਸਥਿਤੀਆਂ ਹਨ ਜਿਨ੍ਹਾਂ ਨੇ ਸਾਡੀਆਂ ਕਦਰਾਂ-ਕੀਮਤਾਂ ਅਤੇ ਪ੍ਰਤਿਮਾਨਾਂ ਦੇ ਇਕ ਮੂਲੋਂ ਨਵੇਂ ਆਯਾਮ ਨੂੰ ਜਨਮ ਦਿੱਤਾ ਹੈ।[2] ਇਸ ਆਯਾਮ ਨੇ ਪੰਜਾਬੀ ਜੀਵਨ ਯਥਾਰਥ ਦੇ ਨਵੇਂ ਸਮੀਕਰਨ ਵੀ ਸਿਰਜੇ ਹਨ। ਇਨ੍ਹਾਂ ਸਮੀਕਰਨਾਂ ਦੇ ਬਦਲਦੇ ਪਰਿਪੇਖ ਵਿਚੋਂ ਹੀ ਗੁਰਸੇਵਕ ਪ੍ਰੀਤ ਆਪਣੇ ਕਥਾ ਬਿਰਤਾਂਤਾਂ ਨੂੰ ਤਲਾਸ਼ਦਾ ਹੈ। ਆਪਣੇ ਕਥਾ ਬਿਰਤਾਂਤਾਂ ਵਿਚ ਜਿਥੇ ਉਹ ਸਮਾਜਕ ਯਥਾਰਥ ਦੀ ਕਠੋਰਤਾ, ਕਰੂਰਤਾ ਤੇ ਬਹੁ-ਪਰਤੀ ਜਟਿਲਤਾ ਨਾਲ ਦਸਤਪੰਜਾ ਲੈਂਦੇ ਬੰਦੇ ਦੇ ਸਮਾਜਕ, ਆਰਥਕ, ਧਾਰਮਕ, ਰਾਜਨੀਤਕ, ਮਾਨਸਿਕ ਤੇ ਸਭਿਆਚਾਰਕ ਸਰੋਕਾਰਾਂ ਨੂੰ ਯਥਾਰਥਵਾਦੀ ਜ਼ਾਵੀਏ ਤੋਂ ਪੇਸ਼ ਕਰਦਾ ਹੈ ਉਥੇ ਹੀ ਪਰਿਵਾਰਕ ਰਿਸ਼ਤਿਆਂ ਦੀ ਵਿਆਕਰਨ ਵਿਚ ਆਪਣੀ ਮਿਥੀ ਹੋਈ ਥਾਂ ਨੂੰ ਛੱਡ ਕੇ ਭਟਕਦੀ ਜ਼ਿੰਦਗੀ ਦੇ ਨਿਘਾਰ ਨੂੰ ਪੇਸ਼ ਕਰਦਾ ਹੋਇਆ ਬੰਦੇ ਦੇ ਮਾਨਸਿਕ ਧਰਾਤਲਾਂ ਨੂੰ ਵੀ ਕੁਰੇਦਦਾ ਹੈ। ਮੇਰੇ ਅਧਿਐਨ ਦਾ ਮਰਕਜ਼ ਬਣਿਆ ਕਥਾ ਬਿਰਤਾਂਤ 'ਟੁੱਟੀ ਮਾਲਾ

ਦੇ ਮਣਕੇ' ਵੀ ਇਸੇ ਕੋਟੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।

'ਟੁੱਟੀ ਮਾਲਾ ਦੇ ਮਣਕੇ' ਕਹਾਣੀ ਪ੍ਰੇਮੀ-ਜੋੜੇ ਨੀਰਜ ਅਤੇ ਅੰਜੂ ਦੇ ਅੰਤਰ-ਜਾਤੀ ਪਿਆਰ-ਵਿਆਹ ਦੇ ਝਰੋਖੇ ਵਿਚੋਂ ਮਾਨਵੀ ਮਨ ਦੇ ਅੰਤਰੀਵੀ ਧਰਾਤਲਾਂ 'ਚ ਪੈਦਾ ਹੁੰਦੀ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਆਪਣੇ ਫੋਕਸ ਵਿਚ ਰਖਦੀ ਹੈ। ਮਾਨਸਿਕ ਗੁੰਥੀਆਂ ਦੀ ਕਸ਼ਮਕਸ਼ ਵਿਚ ਉਲਝਿਆ, ਗ੍ਰਹਿਸਥੀ ਜੀਵਨ ਦੀਆਂ ਜਟਿਲਤਾਵਾਂ ਨਾਲ ਦਸਤਪੰਜਾ ਲੈਂਦਾ ਇਕ ਜੋੜਾ ਜਦੋਂ ਸਮਾਜਿਕ ਯਥਾਰਥ ਨਾਲ ਟਕਰਾਉਂਦਾ ਹੈ ਤਾਂ ਟੁੱਟੀ ਮਾਲਾ ਦੇ ਮਣਕਿਆਂ ਵਾਂਗ ਬਿਖਰ ਜਾਂਦਾ ਹੈ। ਇਨ੍ਹਾਂ ਮਣਕਿਆਂ ਦੇ ਬਿਖਰ ਜਾਣ ਦਾ ਖ਼ਾਸਾ ਸਮਾਜਕ ਨਾਲੋਂ ਮਾਨਸਿਕ ਵਧੇਰੇ ਨਜ਼ਰ ਆਉਂਦਾ ਹੈ। ਇਸ ਖ਼ਾਸੇ ਵਿਚੋਂ ਹੀ ਹਥਲੀ ਕਹਾਣੀ ਆਪਣਾ ਬਿਰਤਾਂਤਕ ਪ੍ਰਵਚਨ ਸਿਰਜਦੀ ਨਜ਼ਰ ਆਉਂਦੀ ਹੈ।

ਕਹਾਣੀ ਦਾ ਪਾਠਗਤ ਅਧਿਐਨ ਕਰਨ 'ਤੇ ਪਤਾ ਚਲਦਾ ਹੈ ਕਿ ਨੀਰਜ ਗਰਗ ਇਕ ਹਿੰਦੂ ਪਰਿਵਾਰ ਨਾਲ ਸਬੰਧਤ ਹੈ ਤੇ ਅੰਜੂ ਇਕ ਸਿੱਖ ਪਰਿਵਾਰ ਨਾਲ। ਦੋਨੋਂ ਅੰਤਰ-ਜਾਤੀ ਪਿਆਰ-ਵਿਆਹ ਕਰਵਾਉਂਦੇ ਹਨ। ਜ਼ਾਹਰ ਹੈ ਕਿ ਉਨ੍ਹਾਂ ਨੂੰ ਅਜਿਹਾ ਕਰਨ ਕਰਕੇ ਸਮਾਜਕ ਤੇ ਸਭਿਆਚਾਰਕ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਹੋਵੇਗਾ। ਇਸ ਦੇ ਬਾਵਜੂਦ ਉਹ ਪਰਿਵਾਰਕ ਤੌਰ 'ਤੇ ਬਹੁਤ ਖ਼ੁਸ਼ ਹਨ। ਨੀਰਜ ਇਕ ਬੀਮਾ ਕੰਪਨੀ ਵਿਚ ਵਿਕਾਸ ਅਧਿਕਾਰੀ ਹੈ ਤੇ ਅੰਜੂ ਕਾਲਜ ਲੈਕਚਰਾਰ। ਉਨ੍ਹਾਂ ਦੇ ਦੋ ਬੱਚੇ ਬੇਬੀ (ਲੜਕੀ) ਤੇ ਚਾਰਲੀ (ਬੇਟਾ) ਹਨ ਜੋ ਆਪਣੇ ਮਾਤਾ-ਪਿਤਾ ਦੀ ਹਾਜ਼ਰੀ-ਗ਼ੈਰਹਾਜ਼ਰੀ ਵਿਚ ਉੱਚ-ਮਧਵਰਗੀ ਬੱਚਿਆਂ ਵਾਂਗ ਖੁੱਲ੍ਹਾਂ ਵਾਲੀ ਜ਼ਿੰਦਗੀ ਜਿਊਂਣ ਦੇ ਰੌਅ ਵਿਚ ਹਨ। ਸਮਾਜਿਕ ਤੇ ਮਾਨਸਿਕ ਰਿਸ਼ਤਿਆਂ ਦੀ ਨਿਰੰਤਰ ਸ਼ਾਂਤ ਵਗਦੀ ਧਾਰਾ ਵਿਚ ਹਲਚਲ ਉਦੋਂ ਪੈਦਾ ਹੁੰਦੀ ਹੈ ਜਦੋਂ ਨੀਰਜ ਆਪਣੀ ਕੰਪਨੀ ਦੇ ਸੁਆਮੀ ਬਣੇ ਮੈਨੇਜਰ ਹਰਿੰਦਰ ਸਿੰਘ ਬਰਾੜ ਦੇ ਪ੍ਰਭਾਵ ਤਹਿਤ ਓਸ਼ੋ ਤੇ ਬੁੱਧ ਦੀ ਵਿਚਾਰਧਾਰਾ ਦੀ ਢੀਮ ਇਸ ਸ਼ਾਂਤ ਵਗਦੀ ਧਾਰਾ ਵਿਚ ਸੁੱਟ ਲੈਂਦਾ ਹੈ। ਇਹ ਹਲਚਲ ਐਨੀ ਬਲਸ਼ਾਲੀ ਹੈ ਕਿ ਸੁਨਾਮੀ ਵਾਂਗ ਤਬਾਹਕੁੰਨ ਹੁੰਦੀ ਹੋਈ ਸਮਾਜਕ ਤੇ ਮਾਨਸਿਕ ਰਿਸ਼ਤਿਆਂ ਦੇ ਸ਼ਾਂਤ ਸਾਗਰ ਵਿਚ ਖਲਬਲੀ ਮਚਾ ਦਿੰਦੀ ਹੈ। ਰਿਸ਼ਤਿਆਂ ਦਾ ਤਵਾਜ਼ਨ ਵਿਗੜ ਜਾਂਦਾ ਹੈ। ਹਰ ਰਿਸ਼ਤਾ ਆਪਣੀ ਮਿੱਥੀ ਹੋਈ ਥਾਂ ਛੱਡ ਕੇ ਡਾਵਾਂਡੋਲ ਹੋ ਜਾਂਦਾ ਹੈ। ਇਥੋਂ ਨੀਰਜ ਤੇ ਅੰਜੂ ਦੇ ਪਰਿਵਾਰ ਦਾ ਸੰਕਟ ਸ਼ੁਰੂ ਹੁੰਦਾ ਹੈ। ਇਹੀ ਕਹਾਣੀ ਦੀ ਮੂਲ ਸਮੱਸਿਆ ਨਜ਼ਰ ਆਉਂਦੀ ਹੈ।

ਕਹਾਣੀ ਦੇ ਬਿਰਤਾਂਤਕ ਵੇਰਵਿਆਂ ਤੋਂ ਇਹ ਸੰਚਾਰ ਹੁੰਦਾ ਹੈ ਕਿ ਨੀਰਜ, ਜਿਹੜਾ ਅੰਜੂ ਤੋਂ ਬਿਨ੍ਹਾਂ ਇਕ ਪਲ ਰਹਿਣ ਦੀ ਨਹੀਂ ਸੀ ਸੋਚਦਾ ਹੁਣ ਉਹਦੇ ਲਈ

ਇਹ ਕੋਈ ਵੱਡੀ ਗੱਲ ਨਹੀਂ। ਉਸ ਲਈ ਹੁਣ ਪਰਿਵਾਰਕ ਤੇ ਸਰੀਰਕ ਸੁਖਾਂ ਨਾਲੋਂ ਮਾਨਸਿਕ ਸੁਖ ਵਧੇਰੇ ਜ਼ਰੂਰੀ ਜਾਪਦਾ ਹੈ। ਪਹਿਲਾਂ ਉਹ ਅੰਜੂ ਤੇ ਬੱਚਿਆਂ ਨੂੰ ਬੁੱਕਲ ਵਿਚ ਲੈ ਕੇ ਸੌਂਦਾ ਸੀ ਤੇ ਹੁਣ ਓਸ਼ੋ ਤੇ ਬੁੱਧ ਦੀ ਵਿਚਾਰਧਾਰਾ ਵਾਲੀਆਂ ਕਿਤਾਬਾਂ ਨੂੰ। ਪਹਿਲਾਂ ਬੱਤੀ ਬੰਦ ਕਰਕੇ ਸੌਂਦਾ ਸੀ ਤੇ ਹੁਣ ਜਗਾ ਕੇ। ਜਿਉਂ-ਜਿਉਂ ਉਹ ਮਾਨਸਿਕ ਚਾਨਣ ਵੱਲ ਵਧ ਰਿਹਾ ਹੈ ਤਿਉਂ-ਤਿਉਂ ਬਾਹਰੀ ਚਾਨਣ ਪ੍ਰਤੀ ਅਵੇਸਲਾ ਹੋ ਰਿਹਾ ਹੈ। ਸਥਿਤੀ ਦੀ ਵਿਡੰਬਣਾ ਐਸੀ ਹੈ ਕਿ ਨੀਰਜ ਆਪਣੇ ਮਨ-ਮਸਤਕ ਵਿਚ ਅਨੰਦ ਦੇ ਚਾਨਣ (ਸ਼ਾਂਤੀ) ਨੂੰ ਅਨੁਭਵ ਕਰਦਾ ਹੈ ਉੱਧਰ ਅੰਜੂ ਦੇ ਮਨ ਵਿਚ ਖਲਾਅ ਪੈਦਾ ਹੋ ਰਿਹਾ। ਇਕ ਅਨੰਦ ਪ੍ਰਾਪਤ ਕਰ ਰਿਹਾ ਦੂਜੇ ਕੋਲੋਂ ਅਨੰਦ ਖੁਸ ਰਿਹਾ। ਅੰਜੂ ਮਾਨਸਿਕ ਖਲਾਅ ਨੂੰ ਭਰਨਾ ਚਾਹੁੰਦੀ ਹੈ। ਉਹ ਨੀਰਜ ਨੂੰ ਘਰ-ਗ੍ਰਹਿਸਥੀ ਵੱਲ ਖਿੱਚਣ ਲਈ ਹਰ ਸੰਭਵ ਜਤਨ ਕਰ ਰਹੀ ਹੈ ਪਰ ਨੀਰਜ ਨਿਰੰਤਰ ਇਸ ਤੋਂ ਭਾਂਜ ਦਾ ਰਸਤਾ ਅਖ਼ਤਿਆਰ ਕਰਦਾ ਹੈ। ਅੰਜੂ ਚਾਹੁੰਦੀ ਹੈ ਕਿ ਨੀਰਜ ਪਹਿਲਾਂ ਵਾਂਗ ਹੀ ਉਸ ਨਾਲ ਚੋਹਲ-ਮੋਹਲ ਕਰੇ, ਘਰ ਦੇ ਨਾਲ ਨਾਲ ਦੇਹੀ ਸੁਖ ਵੀ ਦੇਵੇ, ਪਰ ਨੀਰਜ ਇਸ ਖੇਡ ਤੋਂ ਇਨਕਾਰੀ ਹੈ। ਇਸ ਸੰਦਰਭ ਵਿਚ ਕਹਾਣੀ ਦੇ ਹੇਠ ਲਿਖੇ ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ:

> *"ਅੰਜੂ ਨੂੰ ਨੀਰਜ ਥੋੜਾ-ਥੋੜਾ ਹਰਿੰਦਰ ਵਰਗਾ ਲੱਗਦਾ ਸੀ। ਸੁਆਮੀ...। ਭਾਵੇਂ ਨੀਰਜ ਕੱਪੜੇ ਪਹਿਲਾਂ ਵਾਂਗ ਹੀ ਪਾਉਂਦਾ, ਸਲੀਕੇ ਵਾਲੇ। ਪਰ ਅੰਜੂ ਨੂੰ ਉਸ ਵਿਚੋਂ ਕੁਝ ਖੁੱਸਿਆ ਲਗਦਾ। ਇਕ ਬੈੱਡ 'ਤੇ ਹੁੰਦੇ ਹੋਏ ਵੀ ਉਹ ਕਿਧਰੇ ਦੂਰ ਹੁੰਦਾ। ਅੱਖਾਂ ਬੰਦ। ਸ਼ਾਂਤ ਚਿਹਰਾ। ਅੰਜੂ ਉਸ ਨਾਲ ਚੁੰਬੜਦੀ। ਉਸਦੇ ਹੱਥ ਆਪਣੇ ਸਰੀਰ 'ਤੇ ਫੇਰਦੀ। ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕੁਝ ਲੱਭਣ ਦੀ ਕੋਸ਼ਿਸ਼ ਕਰਦੀ। ਪਰ ਨੀਰਜ ਬਿਲਕੁਲ ਸ਼ਾਂਤ ਰਹਿੰਦਾ। ਹਾਂ ਕਦੇ-ਕਦੇ ਉਸ ਨੂੰ ਘੁਟ ਕੇ ਜੱਫੀ ਪਾਉਂਦਾ, ਚੁੰਮਦਾ ਤੇ ਛੱਡ ਦਿੰਦਾ। ਜਿਵੇਂ ਮਾਂ ਬੱਚੇ ਨੂੰ ਚੁੰਮ ਕੇ ਪੰਘੂੜੇ ਵਿਚ ਪਾ ਦਿੰਦੀ ਹੈ। ਮਿੱਠੀ ਨੀਂਦੇ ਸੌਣ ਲਈ। ਪਰ ਅੰਜੂ ਬੱਚਾ ਨਹੀਂ ਸੀ।"* *(ਘੋੜ ਦੌੜ ਜਾਰੀ ਹੈ, ਪੰਨਾ-17)*

ਇਉਂ ਕਹਾਣੀ ਅੰਜੂ ਦੇ ਪਾਤਰ ਰਾਹੀਂ ਅਜਿਹੀ ਸ਼ਾਦੀਸ਼ੁਦਾ ਔਰਤ ਦੀ ਹੋਂਦ ਤੇ ਹੋਣੀ ਨੂੰ ਸਮੱਗਰ ਰੂਪ ਵਿਚ ਪੇਸ਼ ਕਰਦੀ ਹੈ ਜਿਹੜੀ ਚਾਹੁੰਦੀ ਹੈ ਕਿ ਉਸ ਦਾ ਪਤੀ ਉਹਨੂੰ ਹਰ ਤਰ੍ਹਾਂ ਦਾ ਸਰੀਰਕ ਤੇ ਮਾਨਸਿਕ ਸੁਖ ਦੇਵੇ ਪਰ ਪਤੀ ਅਜਿਹਾ ਨਹੀਂ ਕਰਦਾ। ਅਜਿਹੀ ਅਸੰਤੁਸ਼ਟੀ ਦੀ ਸਥਿਤੀ ਵਿਚ ਔਰਤ ਘੋਰ ਮਾਨਸਿਕ ਸੰਕਟ ਭੋਗਦੀ ਹੈ। ਕਹਾਣੀ ਇਹ ਗੱਲ ਬੜੇ ਜ਼ੋਰ ਨਾਲ ਪ੍ਰਸਤੁਤ ਕਰਦੀ ਹੈ ਕਿ ਔਰਤ/

ਮਰਦ ਲਈ ਹੋਰ ਸੁਖਾਂ ਦੇ ਨਾਲ-ਨਾਲ ਸੈਕਸ ਸੁਖ ਦੀ ਪ੍ਰਾਪਤੀ ਵੀ ਅਤਿ-ਜ਼ਰੂਰੀ ਹੁੰਦੀ ਹੈ ਤਾਂ ਹੀ ਉਨ੍ਹਾਂ ਵਿਚਲੇ ਰਿਸ਼ਤਿਆਂ ਦਾ ਤਵਾਜਨ ਆਪਣੀ ਠੀਕ ਥਾਂ 'ਤੇ ਟਿਕਿਆ ਰਹਿੰਦਾ ਹੈ। ਭਾਰਤੀ ਸਮਾਜ ਦੀ ਇਹ ਵਿਡੰਬਣਾ ਰਹੀ ਹੈ ਕਿ ਇਹ ਸਮਾਜ ਮਰਦ ਪ੍ਰਧਾਨ ਰਿਹਾ ਹੈ। ਮਰਦ ਆਰਥਕ ਤੌਰ 'ਤੇ ਮਜ਼ਬੂਤ ਹੋਣ ਕਰਕੇ ਔਰਤ 'ਤੇ ਹਾਵੀ ਰਿਹਾ ਹੈ। ਬੇਸ਼ਕ ਅੱਜ ਦੀ ਔਰਤ ਆਰਥਕ ਤੌਰ 'ਤੇ ਮਰਦ ਦੇ ਬਰਾਬਰ ਦੀ ਧਿਰ ਵਜੋਂ ਉਭਰ ਰਹੀ ਹੈ ਫਿਰ ਵੀ ਜ਼ਿਆਦਾਤਰ ਔਰਤਾਂ ਪਰੰਪਰਾਵਾਦੀ ਸੋਚ ਅਧੀਨ ਅੱਜ ਵੀ ਆਪਣੇ ਆਪ ਨੂੰ ਹੀਣੀਆਂ ਹੀ ਮਹਿਸੂਸ ਕਰਦੀਆਂ ਹਨ। ਅੰਜੂ ਵੀ ਅਜਿਹੀ ਸੋਚ ਦੀ ਧਾਰਨੀ ਹੀ ਨਜ਼ਰ ਆ ਰਹੀ ਹੈ। ਨੀਰਜ ਉਸ ਨੂੰ ਦੇਹੀ ਸੁਖ ਨਹੀਂ ਦੇ ਰਿਹਾ। ਉਹ ਇਸ ਦਾ ਹੱਲ ਬਾਹਰੋਂ ਛੇਤੀ ਕੀਤਿਆਂ ਨਹੀਂ ਲੱਭਦੀ ਸਗੋਂ ਨੀਰਜ ਵਿਚੋਂ ਹੀ ਲੱਭਣਾ ਚਾਹੁੰਦੀ ਹੈ। ਪਰ ਨੀਰਜ ਤਾਂ ਨਿਰੀ ਲਾਸ਼ ਹੀ ਬਣ ਗਿਆ। ਅੰਜੂ ਲਈ ਇਹ ਸਥਿਤੀ ਅਸਹਿ ਬਣ ਗਈ ਹੈ:

*"ਜੂਨ ਮਹੀਨੇ ਦੀ ਉਹ ਰਾਤ ਵੀ ਅੰਜੂ ਲਈ ਬੜੀ ਦਰਦ ਭਰੀ ਸੀ। ਅੱਧੀ ਕੁ ਰਾਤ ਨੂੰ ਅੰਜੂ ਉੱਠੀ ਤਾਂ ਨੀਰਜ ਬੈੱਡ ਉਤੇ ਨਹੀਂ ਸੀ। ਬਾਥਰੂਮ ਵਿਚ ਦੇਖ ਲਿਆ। ਛੱਤ 'ਤੇ ਵੀ ਜਾ ਆਈ ਸੀ। ਫਿਰ ਕਿਥੇ ਹੋ ਸਕਦੈ? ਉਹ ਰੋਣ-ਹਾਕੀ ਹੋਈ ਪਈ ਸੀ। ਅਚਾਨਕ ਉਸ ਨੇ ਦੇਖਿਆ ਗੈਸਟ ਰੂਮ ਦਾ ਦਰਵਾਜ਼ਾ ਖੁੱਲ੍ਹਾ ਸੀ। ਗਰਮੀਆਂ ਦੀ ਅੱਧੀ ਰਾਤ ਨੂੰ ਨੀਰਜ ਬੈੱਡਰੂਮ ਵਿਚੋਂ ਉਠ ਕੇ ਗੈਸਟ ਰੂਮ ਵਿਚ ਜਾ ਲੰਮਾ ਪਿਆ ਤੇ ਪੱਖਾ ਵੀ ਨਾ ਛੱਡਿਆ। ਅੰਜੂ ਉਸਦੇ ਗਲ ਲੱਗ ਕੇ ਬਹੁਤ ਰੋਈ ਸੀ। ਜਿਵੇਂ ਉਨ੍ਹਾਂ ਦੀ ਨੌਕਰਾਣੀ ਆਪਣੇ ਮਰ ਚੁੱਕੇ ਪਤੀ ਦੀ ਦੇਹ ਨਾਲ ਚੁੰਬੜ ਕੇ ਵੈਣ ਪਾਉਂਦੀ ਸੀ। ਅੰਜੂ ਨੇ ਨੀਰਜ ਨੂੰ ਹਲੂਣ ਕੇ ਜਗਾਉਣ ਦੀ ਕੋਸ਼ਿਸ਼ ਕੀਤੀ। ਨੀਰਜ ਸੁੱਤਾ ਤਾਂ ਨਹੀਂ ਸੀ ਪਰ ਜਾਗਿਆ ਵੀ ਨਹੀਂ। (ਉਹੀ, ਪੰਨਾ-17)*

ਕਹਾਣੀ ਦੇ ਇਹ ਬਿਰਤਾਂਤਕ ਵੇਰਵੇ ਬੜੇ ਅਹਿਮ ਵੇਰਵੇ ਹਨ। ਨਿੱਕੀ ਕਹਾਣੀ ਦਾ ਇਹ ਬਿਰਤਾਂਤਕ ਖ਼ਾਸਾ ਹੈ ਕਿ ਇਹ ਸੰਕੇਤਾਂ ਰਾਹੀਂ ਪਾਠਕ ਨੂੰ ਬਹੁਤ ਕੁਝ ਸੁਝਾਅ ਜਾਂਦੀ ਹੈ। ਉਪਰੋਕਤ ਬਿਰਤਾਂਤਕ ਵੇਰਵਿਆਂ ਵਿਚ ਨੀਰਜ ਦਾ 'ਬੈੱਡ ਰੂਮ' ਵਿਚੋਂ ਉਠ ਕੇ 'ਗੈਸਟ ਰੂਮ' ਵਿਚ ਆ ਕੇ ਸੌਣਾ ਇਸ ਗੱਲ ਦਾ ਸੰਕੇਤ ਹੈ ਕਿ ਨੀਰਜ ਹੁਣ ਅੰਜੂ ਜਾਂ ਘਰ ਦਾ ਮਾਲਕ ਨਹੀਂ ਰਿਹਾ ਸਗੋਂ ਮਹਿਮਾਨ ਬਣ ਗਿਆ ਹੈ। ਉਸ ਦੀ ਜਗ੍ਹਾ ਹੁਣ 'ਬੈੱਡ ਰੂਮ' ਵਿਚ ਨਹੀਂ ਸਗੋਂ 'ਗੈਸਟ ਰੂਮ' ਵਿਚ ਹੈ। 'ਬੈੱਡ ਰੂਮ' ਵਿਚ ਸੌਣ ਵਾਲਾ ਬੰਦਾ ਸਦਾ ਘਰ ਗ੍ਰਹਿਸਥੀ ਨਾਲ ਜੁੜਿਆ ਰਹਿਣ ਵਾਲਾ

ਹੁੰਦਾ ਹੈ ਪਰ 'ਗੇਸਟ ਰੂਮ' ਵਿਚ ਸੌਣ ਵਾਲਾ ਚਾਰ ਦਿਨਾਂ ਦਾ ਪਰੌਣਾ। ਇਉਂ ਕਹਾਣੀ ਸੰਕੇਤਕ ਰੂਪ ਵਿਚ ਸਮਝਾਉਂਦੀ ਹੈ ਕਿ ਨੀਰਜ ਹੁਣ ਘਰ ਦੇ ਕੇਂਦਰ ਵਿਚ ਨਹੀਂ ਸਗੋਂ ਹਾਸ਼ੀਏ 'ਤੇ ਵਿਚਰ ਰਿਹਾ ਹੈ।

ਨੀਰਜ ਸਾਧਨਾ ਕੈਂਪਾਂ ਵਿਚ ਜਾਂਦਾ ਹੈ ਤਾਂ ਮਹੀਨਾ-ਮਹੀਨਾ ਘਰ ਨਹੀਂ ਪਰਤਦਾ। ਅੰਜੂ ਉਹਨੂੰ ਕਈ-ਕਈ ਦਿਨ ਉਡੀਕਦੀ ਪਰ ਨੀਰਜ ਨਾ ਆਉਂਦਾ। ਕਹਾਣੀ ਪਾਠ ਦੇ ਤੀਜੇ ਹਿੱਸੇ ਤਕ ਅੰਜੂ ਪਰੰਪਰਾਵਾਦੀ ਸਾਂਸਕ੍ਰਿਤਕ ਰੁਚੀਆਂ ਨਾਲ ਪਰਨਾਈ ਹੋਈ ਔਰਤ ਹੀ ਨਜ਼ਰ ਆਉਂਦੀ ਹੈ। ਬੇਸ਼ਕ ਉਸ ਨੇ ਅੰਤਰ-ਜਾਤੀ ਪਿਆਰ ਵਿਆਹ ਵੀ ਕਰਵਾਇਆ ਹੈ। ਪਰ ਪਤੀ ਪ੍ਰਤੀ ਉਸ ਦੀ ਕਾਮਿਕ ਖਿੱਚ ਤੇ ਪਤੀ ਪ੍ਰਤੀ ਸਮਰਪਣ ਦੀ ਭਾਵਨਾ, ਮਨੋ ਕਾਮਨਾਵਾਂ ਨੂੰ ਦਬਾ-ਦਬਾ ਕੇ ਰੱਖਣ ਦੀ ਬਿਰਤੀ, ਪਤੀ ਵਲੋਂ ਕੀਤੀ ਜਾਂਦੀ ਹਰ ਵਧੀਕੀ ਨੂੰ ਸਵੀਕਾਰ ਕਰਨ ਦੀ ਭਾਵਨਾ ਉਸ ਨੂੰ ਪਰੰਪਰਾਵਾਦੀ ਰੁਚੀਆਂ ਦੀ ਧਾਰਨੀ ਔਰਤ ਹੀ ਸਿੱਧ ਕਰਦੇ ਹਨ। ਇਸੇ ਪ੍ਰਸੰਗ ਵਿਚ ਹਥਲੀ ਕਹਾਣੀ ਦੀ ਬਿਰਤਾਂਤਕ ਚਾਲ ਵਰਤਮਾਨ ਤੋਂ ਮਿਥਿਹਾਸ ਵੱਲ ਨੂੰ ਮੋੜ ਕੱਟਦੀ ਹੈ। ਕਹਾਣੀ ਵਿਚਲਾ ਉਪ-ਬਿਰਤਾਂਤਕ ਵੇਰਵਾ ਮਿਥਿਹਾਸ ਵਿਚਲੇ ਗੌਤਮ ਰਿਸ਼ੀ ਦੀ ਪਤਨੀ 'ਅਹੱਲਿਆ' ਨਾਲ ਜਾ ਜੁੜਦਾ ਹੈ। 'ਅਹੱਲਿਆ' ਦੀ ਖ਼ੂਬਸੂਰਤੀ ਤੋਂ ਮੁਤਾਸਰ ਹੋਇਆ ਇੰਦਰ ਦੇਵਤਾ ਚੰਦਰਮਾ ਦੀ ਮਦਦ ਨਾਲ 'ਅਹੱਲਿਆ' ਨਾਲ ਰਿਸ਼ੀ ਦਾ ਰੂਪ ਧਾਰਨ ਕਰਕੇ ਸੈਕਸ ਭੋਗ ਕਰਦਾ ਹੈ। ਜਦੋਂ ਰਿਸ਼ੀ ਨੂੰ ਇਸ ਘਟਨਾ ਦਾ ਪਤਾ ਲਗਦਾ ਹੈ ਤਾਂ ਉਹ 'ਅਹੱਲਿਆ' ਨੂੰ ਸਰਾਪ ਦੇ ਕੇ ਪੱਥਰ ਦੀ ਮੂਰਤੀ ਬਣਾ ਦਿੰਦਾ ਹੈ। ਇਸ ਮਿਥਿਹਾਸਕ ਕਥਾ ਨੂੰ ਪਿੱਠ ਭੂਮੀ ਵਿਚ ਰੱਖ ਕੇ ਕਥਾਕਾਰ ਨੇ 'ਅੰਜੂ' ਦੀ ਸਥਿਤੀ ਨੂੰ ਅਹੱਲਿਆ ਵਰਗੀ ਹੀ ਦਰਸਾਇਆ ਹੈ। ਅੰਜੂ ਨੂੰ ਵੀ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਸ ਦੇ ਪਤੀ ਨੇ ਉਸ ਨੂੰ ਸਰਾਪ ਦੇ ਕੇ ਪੱਥਰ ਦੀ ਕਰ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਅਹੱਲਿਆ ਦੁਆਰਾ ਰਿਸ਼ੀ ਦੀ ਮਿੰਨਤ ਕਰਨ ਕਰਕੇ ਰਿਸ਼ੀ ਉਸ ਨੂੰ ਆਖਦਾ ਹੈ ਕਿ ਤੂੰ ਸਦੀਆਂ ਤੋਂ ਬਾਅਦ ਭਗਵਾਨ ਰਾਮ ਦੇ ਪੈਰ ਲੱਗਣ ਤੋਂ ਬਾਅਦ ਮੁੜ ਪੱਥਰ ਤੋਂ ਇਨਸਾਨ ਬਣ ਜਾਵੇਂਗੀ ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹਾ ਹੀ ਹੋਇਆ। ਪਰ ਅੰਜੂ ਨੂੰ ਤਾਂ ਇਸ ਯੁਗ ਵਿਚ ਕਿਸੇ ਅਜਿਹੇ ਭਗਵਾਨ ਦੇ ਆਉਣ ਦੇ ਆਸਾਰ ਨਜ਼ਰ ਨਹੀਂ ਆਉਂਦੇ, ਜਿਹੜਾ ਉਸ ਨੂੰ ਪੱਥਰ ਤੋਂ ਮੁੜ ਇਨਸਾਨ ਬਣਾ ਦੇਵੇ। ਇਥੇ ਆ ਕੇ ਅੰਜੂ ਆਪਣੇ-ਆਪ ਦੀ ਪਛਾਣ ਵੱਲ ਪਰਤਦੀ ਹੈ। ਉਹ ਕਿਸੇ ਭਗਵਾਨ ਜਾਂ ਖ਼ੁਦ ਆਪਣੇ ਪਤੀ ਵਲੋਂ 'ਸਰਾਪ' ਨੂੰ 'ਵਰ' ਵਿਚ ਬਦਲਣ ਦਾ ਇੰਤਜ਼ਾਰ ਨਹੀਂ ਕਰਦੀ ਸਗੋਂ ਆਪ ਅਜਿਹਾ ਕਰਨ ਵੱਲ ਤੁਰਦੀ ਹੈ। ਉਹ ਅਖੌਤੀ ਪਰੰਪਰਕ ਔਰਤ ਦੀ ਦਸ਼ਾ ਨੂੰ ਨਿਰਧਾਰਤ ਕਰਨ ਵਾਲੀਆਂ ਅਖੌਤੀ ਪਰੰਪਰਕ ਕਦਰਾਂ-ਕੀਮਤਾਂ ਨੂੰ ਵਗਾਹ ਮਾਰਦੀ ਹੈ। ਉਹ

ਘੁਟ-ਘੁਟ ਕੇ ਜੂਨ ਕਟਣ ਨਾਲੋਂ ਜ਼ਿੰਦਗੀ ਨੂੰ ਜਿਊਂਣਾ ਚਾਹੁੰਦੀ ਹੈ। ਇਸ ਲਈ ਉਹ ਅਧਵਾਟੇ ਛੱਡ ਗਏ ਆਪਣੇ ਪਤੀ ਨੂੰ ਪਤੀ ਨਹੀਂ ਮੰਨਦੀ, ਸਗੋਂ ਆਪਣੀਆਂ ਕਾਮਿਕ ਲੋੜਾਂ ਦੀ ਪੂਰਤੀ ਲਈ ਆਪਣਾ ਸਾਥੀ ਆਪ ਲੱਭਦੀ ਹੈ ਜਿਹੜਾ ਉਸ ਨੂੰ ਪੱਥਰ ਤੋਂ ਹੱਡ-ਮਾਸ ਦੀ ਔਰਤ ਬਣਾ ਦਿੰਦਾ ਹੈ। ਅੰਜੂ ਜ਼ਿੰਦਗੀ ਨੂੰ ਜੂਨ ਵਾਂਗ ਕੱਟਦੀ ਨਹੀਂ ਸਗੋਂ ਜਿਉਂਦੀ ਹੈ। ਜਿਊਂਣ ਵਿਚ ਹੀ ਜ਼ਿੰਦਗੀ ਦੀ ਭਰਪੂਰਤਾ ਹੈ। ਇਉਂ ਕਹਾਣੀ ਜਿਥੇ ਮਿੱਥ ਦਾ ਭੰਜਣ ਕਰਦੀ ਨਜ਼ਰ ਆਉਂਦੀ ਹੈ ਉਥੇ ਹੀ ਉੱਤਰ-ਆਧੁਨਿਕ ਦੌਰ ਦੀ ਔਰਤ ਦੇ ਜ਼ਿੰਦਗੀ ਨੂੰ ਜਿਊਂਣ ਦੇ ਨਜ਼ਰੀਏ ਨੂੰ ਵੀ ਪਾਠਕ ਦੇ ਸਨਮੁਖ ਕਰਦੀ ਹੈ। ਇਸ ਦੌਰ ਦੀ ਔਰਤ ਮਰਦ ਦੀ ਹਰ ਵਧੀਕੀ ਨੂੰ ਹੁਣ ਖਿੜੇ ਮੱਥੇ ਸਵੀਕਾਰ ਨਹੀਂ ਕਰਦੀ ਸਗੋਂ ਉਸ ਦੇ ਵਿਰੋਧ ਵਿਚ ਖੜਦੀ ਹੈ। ਇਹੀ ਉੱਤਰ-ਆਧੁਨਿਕ ਦੌਰ ਦੀ ਔਰਤ ਦੇ ਸੁਭਾਅ ਦਾ ਖ਼ਾਸਾ ਹੈ ਜਿਹੜਾ ਉਸਦੀ ਦਸ਼ਾ ਤੇ ਦਿਸ਼ਾ ਨੂੰ ਨਿਰਧਾਰਤ ਕਰਦਾ ਹੈ।

ਇਸ ਕਹਾਣੀ ਵਿਚ ਸੰਕਟ ਸਿਰਫ਼ ਅੰਜੂ ਦਾ ਹੀ ਨਹੀਂ ਸਗੋਂ ਨੀਰਜ ਤੇ ਹਰਿੰਦਰ ਸਿੰਘ ਬਰਾੜ ਦਾ ਵੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਆਖਿਰ ਕਿਹੜੀ ਭੀੜ ਪਈ ਕਿ ਪਹਿਲਾਂ ਸਰਦੇ-ਪੁਜਦੇ ਜੱਟਾਂ ਦਾ ਮੁੰਡਾ ਹਰਿੰਦਰ ਸਿੰਘ ਬਰਾੜ ਤੇ ਫਿਰ ਸਰਦੇ-ਪੁਜਦੇ ਹਿੰਦੂਆਂ ਦਾ ਮੁੰਡਾ ਨੀਰਜ ਬੁੱਧ ਤੇ ਓਸ਼ੋ ਦੇ ਵਿਚਾਰਾਂ ਤਹਿਤ 'ਸੁਆਮੀ' ਬਣ ਗਏ। ਜੇਕਰ ਪੰਜਾਬੀ ਲੋਕਧਾਰਾ ਤੇ ਸਭਿਆਚਾਰ 'ਤੇ ਨਜ਼ਰਸਾਨੀ ਕਰੀਏ ਤਾਂ ਇਹ ਜਵਾਬ ਮਿਲਦਾ ਹੈ ਕਿ ਪੁਰਾਣੇ ਸਮਿਆਂ ਵਿਚ ਜੱਟਾਂ ਦੇ ਮੁੰਡੇ ਸਾਧ/ਸੁਆਮੀ ਇਸ ਕਰਕੇ ਬਣਦੇ ਸਨ ਕਿ ਭਾਦੋਂ ਦੇ ਮਹੀਨੇ ਪੈਂਦੀ ਅਤਿ ਦੀ ਗਰਮੀ ਵਿਚ ਉਹ ਖੇਤਾਂ ਵਿਚ ਕੰਮ ਕਰਨ ਤੋਂ ਨਾਬਰ ਹੋ ਜਾਂਦੇ ਸਨ। ਸਰੀਰਕ ਸੁਖ ਲਈ ਉਹ ਸਾਧ ਬਣ ਜਾਂਦੇ ਸਨ। ਜਾਂ ਫਿਰ ਰਾਂਝੇ ਵਰਗੇ ਇਸ਼ਕ ਦੇ ਪੱਟੇ ਸਾਧ ਬਣ ਜਾਂਦੇ ਸਨ। ਪਰ ਅਜ਼ੋਕੇ ਸਮੇਂ ਵਿਚ ਹਰਿੰਦਰ ਸਿੰਘ ਬਰਾੜ ਨੂੰ ਕੋਈ ਸਰੀਰਕ ਕਸ਼ਟ ਵੀ ਨਹੀਂ, ਆਰਥਕ ਤੌਰ 'ਤੇ ਵੀ ਖੁਸ਼ਹਾਲ ਹੈ। ਕੋਈ ਇਸ਼ਕ ਦਾ ਮਾਮਲਾ ਵੀ ਨਹੀਂ। ਫਿਰ ਵੀ ਸੁਆਮੀ ਬਣ ਗਿਆ। ਅਸਲ ਵਿਚ ਹਰਿੰਦਰ ਸਿੰਘ ਬਰਾੜ ਦਾ ਸੰਕਟ ਇਹ ਹੈ ਕਿ ਉਸ ਕੋਲ ਪਦਾਰਥਕ ਸੁਖ ਤਾਂ ਹਨ ਪਰ ਮਾਨਸਿਕ ਤੌਰ 'ਤੇ ਖੰਡਿਤ ਹੋ ਗਿਆ ਹੈ। ਮਾਨਸਿਕ ਸਥਿਰਤਾ/ਸ਼ਾਂਤੀ/ਅਨੰਦ ਦੀ ਪ੍ਰਾਪਤੀ ਦੀ ਲੋਚਾ ਤਹਿਤ ਹੀ ਉਹ ਜੱਟਾਂ ਦੇ ਮੁੰਡੇ ਤੋਂ ਸੁਆਮੀ ਤਕ ਦਾ ਸਫ਼ਰ ਤਹਿ ਕਰਦਾ ਹੈ। ਇਹੀ ਸੰਕਟ ਨੀਰਜ ਦਾ ਹੈ। ਮੇਰੀ ਜਾਚੇ ਵਿਸ਼ਵੀਕਰਨ, ਮੰਡੀਕਰਨ ਦੇ ਵਰਤਾਰੇ ਤਹਿਤ ਪੈਦਾ ਹੋਏ ਪਦਾਰਥਵਾਦੀ ਸਭਿਆਚਾਰ ਦੇ ਅੰਤਰਗਤ ਅਜੋਕਾ ਬੰਦਾ ਏਨਾ ਪਦਾਰਥਵਾਦੀ, ਭੋਗਵਾਦੀ ਹੋ ਗਿਆ ਕਿ ਲੋੜੀਂਦਾ ਹਰ ਪਦਾਰਥ ਹਾਸਲ ਕਰ ਲਿਆ ਹੈ। ਪਦਾਰਥਕ ਬਹੁਲਤਾ ਨੇ ਬੰਦੇ ਦੇ ਸਰੀਰਕ ਸੁਖਾਂ ਨੂੰ ਤਾਂ ਨਵਿਰਤ ਕਰ ਦਿੱਤਾ ਪਰ ਮਾਨਸਿਕ ਤੌਰ 'ਤੇ

ਖੰਡਿਤ ਕਰ ਦਿੱਤਾ। ਅੰਦਰੋਂ ਖੰਡਿਤ ਹੋਇਆ ਬੰਦਾ ਮਾਨਸਿਕ ਅਨੰਦ ਦੀ ਭਾਲ ਵਿਚ ਸਾਧਨਾ, ਬੰਦਗੀ ਦਾ ਸਹਾਰਾ ਲੈਂਦਾ ਹੈ। ਉਹ ਮਾਨਸਿਕ ਅਨੰਦ ਤਕ ਪਹੁੰਚਦਾ ਹੈ ਜਾਂ ਨਹੀਂ ਪਰ ਪਰਿਵਾਰਕ ਤੇ ਸਰੀਰਕ ਅਨੰਦ ਜ਼ਰੂਰ ਭੰਗ ਹੋ ਜਾਂਦਾ ਹੈ। ਅਜਿਹੀ ਹੀ ਅੰਤਰ ਦਵੰਦ ਦੀ ਸਥਿਤੀ ਵਿਚ ਨੀਰਜ ਜਕੜਿਆ ਹੋਇਆ ਹੈ। ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਸੁਆਮੀ ਬਣਿਆ ਨੀਰਜ ਜਦੋਂ ਕਿਸੇ ਦੁਰੇਡੇ ਸ਼ਹਿਰ ਵਿਚ ਜਗਿਆਸੂਆਂ ਨੂੰ ਸਾਧਨਾ ਦੀ ਸਿਖਲਾਈ ਦੇਣ ਲਈ ਜਾਂਦਾ ਹੋਇਆ ਆਪਣੇ ਸ਼ਹਿਰ ਵਿਚੋਂ ਗੁਜ਼ਰਦਾ ਹੈ ਤਾਂ ਉਸ ਦਾ ਮਨ ਆਪਣੇ ਬੱਚਿਆਂ ਤੇ ਅੰਜੂ ਨੂੰ ਮਿਲਣ ਲਈ ਆਹੁਲਦਾ ਹੈ। ਜਦੋਂ ਗੱਡੀ ਸਟੇਸ਼ਨ 'ਤੇ ਰੁਕਦੀ ਹੈ ਤਾਂ ਨੀਰਜ ਥੋੜ੍ਹੇ ਸਮੇਂ ਲਈ ਘਰ ਆਉਂਦਾ ਹੈ। ਅੱਧੀ ਰਾਤ ਦੇ ਸਮੇਂ ਜਦੋਂ ਉਹ ਘਰੇ ਪਹੁੰਚਦਾ ਹੈ ਤਾਂ ਬੈੱਡ ਰੂਮ ਦੀ ਬੱਤੀ ਜਗ ਰਹੀ ਹੁੰਦੀ ਹੈ। ਉਹ ਸੋਚਦਾ ਹੈ ਕਿ ਅੰਜੂ ਪਹਿਲਾਂ ਵਾਂਗ ਹੀ ਉਸ ਦਾ ਇੰਤਜ਼ਾਰ ਕਰ ਰਹੀ ਹੈ। ਪਰ ਅੰਜੂ ਨੀਰਜ ਦਾ ਨਹੀਂ ਸਗੋਂ ਆਪਣੇ ਪ੍ਰੇਮੀ ਦਾ ਇੰਤਜ਼ਾਰ ਕਰ ਰਹੀ ਸੀ। ਨੀਰਜ ਆਪਣੇ ਵਲੋਂ ਹੀ ਸਿਰਜੀ ਭ੍ਰਾਂਤੀ ਦੀ ਗ੍ਰਿਫ਼ਤ ਵਿਚ ਆਇਆ, ਸਾਧਨਾ ਨੂੰ ਛੱਡ ਘਰ-ਗ੍ਰਹਿਸਥੀ ਵੱਲ ਨੂੰ ਪਰਤਣਾ ਚਾਹੁੰਦਾ ਹੈ। ਪਰ ਸਥਿਤੀਆਂ ਸਾਜਗਾਰ ਨਹੀਂ। ਜੇ ਉਹ ਘਰ-ਗ੍ਰਹਿਸਥੀ ਵੱਲ ਪਰਤਦਾ ਹੈ ਤਾਂ ਸਾਧਨਾ ਨੇਫਲ ਜਾਂਦੀ ਹੈ। ਜੇ ਸਾਧਨਾ ਵੱਲ ਪਰਤਦਾ ਹੈ ਤਾਂ ਘਰ-ਗ੍ਰਹਿਸਥੀ ਖੁਸਦੀ ਹੈ (ਜਿਹੜੀ ਪਹਿਲਾਂ ਹੀ ਖੁਸ ਚੁੱਕੀ ਹੈ) ਅਜਿਹੀ ਵਿੰਡਬਣਾਕਾਰੀ ਸਥਿਤੀ ਵਿਚ ਫਸਿਆ ਨੀਰਜ ਆਖਦਾ ਹੈ:

> *"ਨਹੀਂ... ਇਹ ਨਹੀਂ... ਨਹੀਂ... ਨਹੀਂ... ਮੇਰੀ ਸਾਧਨਾ ਨਿਹਫਲ...*
> *ਪਰ ਇਹ ਮੇਰਾ ਘਰ... ਮੇਰੇ ਬੱਚੇ... ਮੇਰੀ ਅੰਜੂ।"* *(ਉਹੀ, ਪੰਨਾ-19)*

ਪਲ ਦੀ ਪਲ ਨੀਰਜ ਨੂੰ ਆਪਣੀ ਸਾਧਨਾ ਨਾਲੋਂ ਆਪਣੇ ਬੱਚੇ ਤੇ ਪਤਨੀ ਵੱਡੇ ਜਾਪਦੇ ਹਨ। ਉਹ ਫ਼ਕੀਰੀ ਦਾ ਚੋਲਾ ਉਤਾਰ ਕੇ ਸਟੋਰ ਵਿਚੋਂ ਅੰਜੂ ਵਲੋਂ ਉਸ ਦੇ ਜਨਮ ਦਿਨ 'ਤੇ ਦਿੱਤਾ ਹਲਕੇ ਨੀਲੇ ਰੰਗ ਦਾ ਨਾਈਟ ਸੂਟ ਪਾਉਣ ਲਈ ਅੱਗੇ ਵਧਦਾ ਹੈ। ਇਸ ਸਮੇਂ ਕਹਾਣੀ ਬੜਾ ਨਾਟਕੀ ਮੋੜ ਲੈਂਦੀ ਹੈ। ਇਕ ਪਾਸੇ ਨੀਰਜ ਤਿਆਗ/ਸਾਧਨਾ ਨੂੰ ਤਿਲਾਂਜਲੀ ਦੇ ਕੇ ਘਰ ਵੱਲ ਪਰਤ ਰਿਹਾ ਹੈ ਦੂਜੇ ਪਾਸੇ ਅੰਜੂ ਘਰ ਤੋਂ ਬਾਹਰ ਵੱਲ ਪਰਤ ਰਹੀ ਹੈ। ਜਿਹੜੀ ਅੰਜੂ ਨੂੰ ਨੀਰਜ ਕੱਟੀ ਹੋਈ ਪਤੰਗ ਵਾਂਗ ਡਾਵਾਂਡੋਲ ਛੱਡ ਕੇ ਆਪ ਸਾਧ ਹੋ ਗਿਆ ਸੀ ਅੱਜ ਉਸ ਪਤੰਗ ਨੂੰ ਕਿਸੇ ਹੋਰ ਨੇ ਫਾਹ ਲਿਆ ਹੈ। ਨੀਰਜ ਜਦੋਂ ਨਾਈਟ ਸੂਟ ਪਾਉਣ ਲਈ ਚੁਕਦਾ ਹੈ ਤਾਂ ਉਸੇ ਸਮੇਂ ਅੰਜੂ ਆਪਣੇ ਪ੍ਰੇਮੀ ਦੀਆਂ ਬਾਹਾਂ ਵਿਚ ਚਹਿਕ ਰਹੀ ਹੈ। ਅਜਿਹਾ

ਵੇਖ ਕੇ ਨੀਰਜ ਦੇ ਹੱਥੋਂ ਨਾਈਟ ਸੂਟ ਡਿੱਗ ਪੈਂਦਾ ਹੈ। ਉਹ ਵਾਪਿਸ ਚੋਲਾ ਪਾਉਣ ਲਈ ਆਹੁਲਦਾ ਹੈ ਪਰ ਹਿੰਮਤ ਨਹੀਂ ਹੁੰਦੀ। ਇਸ ਸੰਦਰਭ ਵਿਚ ਅਗਲੇ ਬਿਰਤਾਂਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ:

> *"ਨੀਰਜ ਵਾਪਸ ਮੁੜਿਆ ਤਾਂ ਬੂਹੇ ਦੇ ਕੁੰਡੇ 'ਚ ਅੜਕ ਕੇ ਉਸ ਦੀ ਲੰਬੀ ਮਾਲਾ ਟੁੱਟ ਗਈ।... ਟੱਨ...ਟਣਨ... ਣਨ... ਨ... ਨ... ਕਰਦੇ ਮਣਕੇ ਦੂਰ ਤਕ ਖਿੰਡ ਗਏ। ਉਹ ਖਾਲੀ ਖਾਲੀ ਅੱਖਾਂ ਨਾਲ ਦੂਰ ਤਕ ਖਿੰਡੇ ਮਣਕਿਆਂ ਨੂੰ ਤੱਕ ਰਿਹਾ ਸੀ।"* (ਉਹੀ, ਪੰਨਾ-20)

ਇਉਂ ਨੀਰਜ ਦਾ ਸੰਕਟ ਹੋਰ ਵੀ ਗਹਿਰਾ ਸੰਕਟ ਬਣ ਜਾਂਦਾ ਹੈ। ਉਹ ਘਰ-ਪਰਿਵਾਰ ਤੇ ਸਾਧਨਾ ਦੀ ਕਸ਼ਮਕਸ਼ ਵਿਚ ਘਿਰਿਆ ਹੋਇਆ ਅਤਿ ਦੁਖਾਂਤਕ ਸਥਿਤੀਆਂ ਦਾ ਭਾਗੀ ਬਣਦਾ ਹੈ। ਇਨ੍ਹਾਂ ਸਥਿਤੀਆਂ ਦਾ ਬਦਲ ਨੇੜ ਭਵਿੱਖ ਵਿਚ ਕਿਤੇ ਨਜ਼ਰ ਨਹੀਂ ਆਉਂਦਾ। ਨੀਰਜ ਨੂੰ ਸਭ ਕੁਝ ਰੇਤ ਵਾਂਗ ਮੁੱਠੀ ਵਿਚੋਂ ਕਿਰਦਾ ਜਾਪ ਰਿਹਾ ਹੈ। ਉਹ ਇਸ ਨੂੰ ਚਾਹ ਕੇ ਵੀ ਰੋਕ ਨਹੀਂ ਸਕਦਾ। ਨੀਰਜ ਦੇ ਹੱਥੋਂ ਨਾਈਟ ਸੂਟ ਦਾ ਡਿੱਗਣਾ ਨੀਰਜ ਕੋਲੋਂ ਘਰ-ਪਰਿਵਾਰ ਦੇ ਖੁਸ ਜਾਣ ਦਾ ਚਿਹਨ ਨਜ਼ਰ ਆਉਂਦਾ ਹੈ। ਜੋ ਨੀਰਜ ਦੀ ਹੋਣੀ ਬਣ ਗਿਆ ਹੈ।

ਇਹ ਕਹਾਣੀ ਅਜੋਕੇ, ਅੰਦਰੋਂ ਵਿਖੰਡਿਤ ਹੋਏ ਬੰਦੇ ਦੇ ਸਮਾਜਿਕ ਤੇ ਮਾਨਸਿਕ ਰਿਸ਼ਤਿਆਂ ਦੇ ਡੋਲਦੇ ਤਵਾਜ਼ਨ ਨੂੰ ਚਿਹਨਾਂ/ਸੰਕੇਤਾਂ ਰਾਹੀਂ ਸਮੱਗਰ ਰੂਪ ਵਿਚ ਪੇਸ਼ ਕਰਦੀ ਹੈ। ਇਸ ਕਹਾਣੀ ਦੀ ਬਿਰਤਾਂਤਕ ਸ਼ੈਲੀ ਜਾਂ ਬਣਤਰ ਤੇ ਬੁਣਤਰ ਨੂੰ ਜੇ ਵਧੇਰੇ ਗਹੁ ਨਾਲ ਪਰਖੀਏ ਤਾਂ ਜ਼ਾਹਿਰ ਹੁੰਦਾ ਹੈ ਕਿ ਇਸ ਕਹਾਣੀ ਵਿਚ ਥਾਂ ਪਰ ਥਾਂ ਚਿਹਨਾਂ/ਸੰਕੇਤਾਂ ਦੀ ਵਰਤੋਂ ਬੜੀ ਪੁਖ਼ਤਗੀ ਨਾਲ ਕੀਤੀ ਗਈ ਹੈ। ਅੰਜੂ ਵਲੋਂ ਨੀਰਜ ਨੂੰ ਜਨਮ ਦਿਨ 'ਤੇ ਤੋਹਫ਼ੇ ਵਜੋਂ ਦਿੱਤਾ 'ਹਲਕੇ ਨੀਲੇ ਰੰਗ' ਦਾ 'ਨਾਈਟ ਸੂਟ' ਘਰ-ਗ੍ਰਿਹਸਥੀ ਦਾ ਚਿਹਨ ਹੈ। 'ਨਾਈਟ ਸੂਟ' ਕਿਉਂਕਿ ਰਾਤ ਨੂੰ ਪਾਇਆ ਜਾਂਦਾ ਹੈ ਤੇ ਜੇ ਉਹ ਪਤੀ ਜਾਂ ਪਤਨੀ ਵਲੋਂ ਇਕ ਦੂਜੇ ਨੂੰ ਪਿਆਰ ਨਾਲ ਕਿਸੇ ਖ਼ਾਸ ਮੌਕੇ 'ਤੇ ਤੋਹਫ਼ੇ ਵਜੋਂ ਦਿੱਤਾ ਗਿਆ ਹੋਵੇ ਤਾਂ ਉਹ ਪਿਆਰ ਵਿਚ ਲਬਰੇਜ਼ ਕਾਮੁਕ ਰਿਸ਼ਤਆਂ ਦਾ ਚਿਹਨ ਬਣ ਜਾਂਦਾ ਹੈ। ਨਾਈਟ ਸੂਟ ਦਾ 'ਹਲਕਾ ਨੀਲਾ' ਰੰਗ ਕਾਮੁਕ ਰਿਸ਼ਤਿਆਂ ਦੇ ਨਾਲ-ਨਾਲ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਦਾ ਚਿਹਨ ਵੀ ਹੈ। ਦੂਜੇ ਪਾਸੇ ਉਹ ਸਖ਼ਸ਼ ਹੈ ਜਿਸ ਨਾਲ ਅੰਜੂ ਦੇ ਵਿਆਹ ਬਾਹਰੇ ਕਾਮੁਕ ਸੰਬੰਧ ਹਨ ਉਸ ਨੇ ਵੀ ਨੀਲੇ ਰੰਗ ਦਾ ਕੋਟ-ਪੈਂਟ ਪਾਇਆ ਹੋਇਆ ਹੈ। 'ਕੋਟ-ਪੈਂਟ' ਦਾ ਰੰਗ ਨੀਰਜ ਦੇ 'ਨਾਈਟ ਸੂਟ' ਵਾਂਗ 'ਹਲਕਾ ਨੀਲਾ' ਨਹੀਂ ਸਗੋਂ

'ਗੂੜਾ ਨੀਲਾ' ਹੈ। 'ਗੂੜਾ ਨੀਲਾ' ਰੰਗ ਨਿਰੋਲ ਕਾਮੁਕ ਰਿਸ਼ਤਿਆਂ ਦਾ ਚਿਹਨ ਹੈ, ਜਿਹੜੇ ਅੰਜੂ ਤੇ ਉਸ ਸਖਸ਼ ਵਿਚ ਬਣੇ ਹੋਏ ਹਨ। ਕਹਾਣੀ ਵਿਚ ਕਪੜਿਆਂ ਦਾ 'ਨੀਲਾ ਰੰਗ' 'ਨੀਲੀਆਂ ਫ਼ਿਲਮਾਂ' ਤੋਂ ਆ ਗਿਆ ਜਾਪਦਾ ਹੈ। 'ਨੀਲੀਆਂ ਫ਼ਿਲਮਾਂ' ਕਿਉਂਕਿ ਨਿਰੋਲ ਕਾਮੁਕ ਰਿਸ਼ਤਿਆਂ ਦੁਆਲੇ ਉਸਰਦੀਆਂ ਹਨ। ਇਸ ਲਈ ਨੀਲੇ ਰੰਗ ਦੀ ਤਾਰ ਉਥੇ ਜੁੜਦੀ ਜਾਪਦੀ ਹੈ। ਪਰ ਕਹਾਣੀ ਵਿਚ ਲੇਖਕ ਨੇ 'ਨੀਲੇ ਰੰਗ' ਨਾਲ ਦੋ ਵਿਸ਼ੇਸ਼ਣ 'ਹਲਕਾ' ਤੇ 'ਗੂੜਾ' ਲਗਾ ਕੇ ਇਸ ਨੂੰ ਵੱਖ-ਵੱਖ ਸੰਦਰਭਾਂ ਵਿਚ ਵਰਤ ਲਿਆ ਜਾਪਦਾ ਹੈ।

ਇਸ ਕਹਾਣੀ ਦੇ ਬਿਰਤਾਂਤਕ ਵੇਰਵਿਆਂ ਵਿਚ ਅਸੀਂ ਵੇਖਦੇ ਹਾਂ ਕਿ ਅੰਜੂ ਨੀਰਜ ਨੂੰ ਨਾਈਟ ਸੂਟ ਪਾਉਣ ਲਈ ਦਿੰਦੀ ਹੈ ਪਰ ਨੀਰਜ ਪਾਉਂਦਾ ਨਹੀਂ ਸਗੋਂ ਪਾਸੇ ਰੱਖ ਦਿੰਦਾ ਹੈ ਤੇ 'ਚੋਲਾ' ਪਾ ਲੈਂਦਾ ਹੈ। ਇਥੇ 'ਚੋਲਾ' ਘਰ ਗ੍ਰਹਿਸਥੀ ਤੋਂ ਤਿਆਗ ਦਾ ਚਿਹਨ ਹੈ। 'ਨਾਈਟ ਸੂਟ' ਦੀ ਥਾਂ 'ਚੋਲਾ' ਪਾਉਣਾ ਪਰਿਵਾਰਕ ਜ਼ਿੰਦਗੀ ਨੂੰ ਤਿਲਾਂਜਲੀ ਦੇ ਕੇ ਤਿਆਗ ਦੇ ਰਾਹ ਤੁਰਨਾ ਹੈ। ਕਹਾਣੀ ਦੇ ਅੰਤ ਵਿਚ ਨੀਰਜ 'ਨਾਈਟ ਸੂਟ' ਪਾਉਣਾ ਤੇ 'ਚੋਲਾ' ਲਾਉਣਾ ਚਾਹੁੰਦਾ ਹੈ, ਪਰ ਸਥਿਤੀਆਂ ਉਸ ਦੇ ਹੱਕ ਵਿਚ ਨਹੀਂ ਭੁਗਤਦੀਆਂ, ਸਗੋਂ ਉਸ ਦੇ ਵਿਰੋਧ ਵਿਚ ਖੜਦੀਆਂ ਹਨ। ਬਹੁਤ ਕੁਝ ਬਦਲ ਗਿਆ ਹੈ। ਅੰਜੂ ਹੁਣ ਪੱਥਰ ਤੋਂ ਇਨਸਾਨ ਬਣ ਗਈ ਹੈ। ਜਦੋਂ ਖੁਸ਼ੀਆਂ ਨੀਰਜ ਦੀ ਝੋਲੀ ਵਿਚ ਪਈਆਂ ਸਨ ਤਾਂ ਉਦੋਂ ਸੁੱਟ ਦਿੱਤੀਆਂ ਤੇ ਹੁਣ ਹੱਥ ਨਹੀਂ ਆ ਰਹੀਆਂ। ਨੀਰਜ ਦੇ ਗਲ਼ ਵਿਚ ਪਾਈ 'ਮਾਲਾ' ਮਾਨਵੀ ਰਿਸ਼ਤਿਆਂ ਵਿਚਲੀ ਨਾਜ਼ੁਕ ਡੋਰੀ ਦਾ ਚਿਹਨ ਹੈ। 'ਮਾਲਾ' ਦੇ 'ਮਣਕੇ' ਪਰਿਵਾਰਕ ਮੈਂਬਰਾਂ ਦਾ ਚਿਹਨ ਹੈ। 'ਮਾਲਾ ਦਾ ਟੁੱਟਣਾ' ਨੀਰਜ ਤੇ ਅੰਜੂ ਦੇ ਪਰਿਵਾਰਕ ਰਿਸ਼ਤਿਆਂ ਦੇ ਟੁੱਟਣ ਦਾ ਚਿਹਨ ਹੈ। ਨੀਰਜ, ਅੰਜੂ ਤੇ ਬੱਚੇ ਟੁੱਟੀ ਮਾਲਾ ਦੇ ਮਣਕਿਆਂ ਵਾਂਗ ਖਿੰਡ-ਪੁੰਡ ਗਏ ਹਨ। ਨੀਰਜ ਦੇ ਗਲ਼ ਪਾਈ ਮਾਲਾ 'ਬੂਹੇ ਦੇ ਕੁੰਡੇ' ਨਾਲ ਅੜ ਕੇ ਟੁੱਟਦੀ ਹੈ। ਇਥੇ 'ਬੂਹੇ ਦਾ ਕੁੰਡਾ' ਸਮਾਜਕ ਯਥਾਰਥ ਦਾ ਚਿਹਨ ਹੈ ਜਿਸ ਨਾਲ ਟਕਰਾ ਕੇ ਮਾਨਵੀ ਰਿਸ਼ਤੇ ਚਕਨਾਚੂਰ ਹੋ ਗਏ ਹਨ। ਬਹੁਮੁਲੇ ਮਣਕੇ ਰੂਪੀ ਪਰਿਵਾਰ ਦੇ ਮੈਂਬਰ ਦੂਰ-ਦੂਰ ਤਕ ਖਿੰਡ ਗਏ ਹਨ। ਇਨ੍ਹਾਂ ਮਣਕਿਆਂ ਨੂੰ ਚਾਹ ਕੇ ਵੀ ਨੀਰਜ ਹੁਣ ਪਿਆਰ ਦੇ ਧਾਗੇ ਵਿਚ ਪਰੋ ਨਹੀਂ ਸਕਦਾ।

ਇਉਂ ਇਹ ਕਹਾਣੀ ਚਿਹਨਾਂ/ਸੰਕੇਤਾਂ ਰਾਹੀਂ ਪਾਠਕਾਂ ਤਕ ਬੜੇ ਵੱਡੇ ਅਰਥਾਂ ਨੂੰ ਸੰਚਾਰਦੀ ਹੈ। ਕਹਾਣੀ ਦੀ ਪੜਤ ਖਤਮ ਹੁੰਦੀ ਹੈ ਕਹਾਣੀ ਨਹੀਂ। ਇਹ ਪਾਠਕ ਨੂੰ ਆਪ ਸਿਰਜਨੀ ਪੈਂਦੀ ਹੈ। ਇਹੀ ਅਜੋਕੀ ਕਹਾਣੀ ਦੀ ਖ਼ਾਸੀਅਤ ਹੈ। ਇਹ ਕਹਾਣੀ ਪ੍ਰਸ਼ਨ ਖੜੇ ਕਰਦੀ ਹੈ, ਉੱਤਰ ਨਹੀਂ ਦਿੰਦੀ। ਉੱਤਰ ਪਾਠਕ ਨੂੰ ਆਪ ਤਲਾਸ਼ਣੇ ਪੈਂਦੇ ਹਨ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ 'ਟੁੱਟੀ ਮਾਲਾ ਦੇ ਮਣਕੇ' ਕਹਾਣੀ ਜਟਿਲ ਬਿਰਤਾਂਤ ਦੀ ਧਾਰਨੀ ਕਹਾਣੀ ਹੈ। ਇਹ ਜਿਥੇ ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਨੀਰਜ ਤੇ ਅੰਜੂ ਦੇ ਜੀਵਨ ਦੇ ਬਿਰਤਾਂਤਕ ਵੇਰਵਿਆਂ ਰਾਹੀਂ ਫੋਕਸ ਵਿਚ ਰੱਖ ਕੇ ਜ਼ਮੀਨੀ ਹਕੀਕਤਾਂ ਨੂੰ ਪਾਠਕ ਦੇ ਸਨਮੁਖ ਕਰਦੀ ਹੈ ਉਥੇ ਹੀ ਸਮਾਜਿਕ ਯਥਾਰਥ ਦੀਆਂ ਬੱਜਰ ਕਰੂਰਤਾਵਾਂ ਤੋਂ ਪਰਦਾ ਖਿਚ ਕੇ ਲਾਹੁੰਦੀ ਹੈ। ਇਸ ਕਹਾਣੀ ਦੇ ਉਪ-ਬਿਰਤਾਂਤਕ ਵੇਰਵੇ ਰਾਜਨੀਤਕ ਲੀਡਰਾਂ ਦੀਆਂ ਕੋਝੀਆਂ ਚਾਲਾਂ ਤੇ ਘਿਨਾਉਣੇ ਚਿਹਰਿਆਂ ਨੂੰ ਨੰਗਾ ਕਰਦੇ ਹਨ। ਵਿਸ਼ਵੀਕਰਨ ਦੇ ਵਰਤਾਰੇ ਤਹਿਤ ਅਤਿ-ਆਧੁਨਿਕ ਸੰਚਾਰ ਸਾਧਨਾਂ ਦੀ ਅੰਨ੍ਹੀ ਵਰਤੋਂ ਤੋਂ ਮਾਪਿਆਂ ਵਲੋਂ ਆਪਣੇ ਬੱਚਿਆਂ ਵੱਲ ਬਣਦੀ ਤਵੱਜੋ ਨਾ ਦੇਣ ਕਰਕੇ ਬੇਮੁਹਾਰ ਹੁੰਦੇ ਬੱਚਿਆਂ ਦਾ ਮਸਲਾ ਵੀ ਇਸ ਕਹਾਣੀ ਦੇ ਫ਼ੋਕਸ ਵਿਚ ਹੈ। ਇਸ ਮਸਲੇ ਨਾਲ ਨਜਿੱਠਣਾ ਅਜੋਕੇ ਸਮੇਂ ਦੀ ਵੱਡੀ ਲੋੜ ਹੈ। ਜੇ ਇਨ੍ਹਾਂ ਮਣਕਿਆਂ ਨੂੰ ਸਮੇਂ ਸਿਰ ਨਾ ਸੰਭਾਲਿਆ ਗਿਆ ਤਾਂ ਭਾਰਤੀ ਸਮਾਜਿਕ-ਸਭਿਆਚਾਰਕ ਰਿਸ਼ਤਿਆਂ ਦੀ ਮਾਲਾ ਏਨੀ ਬੁਰੀ ਤਰ੍ਹਾਂ ਬਿਖ਼ਰੇਗੀ ਕਿ ਇਹ ਇਕੱਠੇ ਕਰਨੇ ਸੰਭਵ ਤਾਂ ਕੀ ਨਾ ਮੁਮਕਿਨ ਹੋ ਜਾਣਗੇ। ਇਹੀ ਇਸ ਕਹਾਣੀ ਦਾ ਵੱਡਾ ਫ਼ਿਕਰ ਨਜ਼ਰ ਆਉਂਦਾ ਹੈ।

**ਹਵਾਲੇ ਤੇ ਟਿਪਣੀਆਂ :**


1. ਪਰਮਪਾਲ ਸਿੰਘ, ਕਹਾਣੀ ਧਾਰਾ, ਅੰਕ-24, ਜਨਵਰੀ-ਮਾਰਚ 2012, ਪੰਨਾ-75.
2. ਡਾ. ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸਤਰ, ਪੰਨਾ-41.



-ਹਰਜਿੰਦਰ ਸਿੰਘ ਰਾਮ ਨਗਰ
ਪੰਜਾਬੀ ਵਿਭਾਗ
ਸਰਕਾਰੀ ਕਾਲਜ, ਸ੍ਰੀ ਮੁਕਤਸਰ ਸਾਹਿਬ
ਫ਼ੋਨ: 94638-35412